# ਜਮਾਤ - ਦਸਵੀਂ ਕਹਾਣੀ - ਧਰਤੀ ਹੇਠਲਾ ਬਲ਼ਦ

## ਲੇਖਕ - ਕੁਲਵੰਤ ਸਿੰਘ ਵਿਰਕ


ਕੁਲਵੰਤ ਸਿੰਘ ਵਿਰਕ

**ਪ੍ਰਸ਼ਨ 1. ਕਰਮ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ?**

ਉੱਤਰ: ਕਰਮ ਸਿੰਘ ਜ਼ੁਬਾਨ ਦਾ ਬਹੁਤ ਮਿੱਠਾ ਸੀ। ਹਰ ਇੱਕ ਨੂੰ ਫ਼ਤਹਿ ਬੁਲਾਉਣ ਵਾਲਾ ਇਨਸਾਨ ਸੀ । ਉਹ ਬਹੁਤ ਪੱਕਾ ਨਿਸ਼ਾਨਚੀ, ਚੁਸਤ ਸਰੀਰ ਵਾਲਾ, ਪਰਿਵਾਰ ਅਤੇ ਦੋਸਤਾਂ ਨਾਲ ਮੋਹ ਰੱਖਣ ਵਾਲਾ ਸੀ। ਉਹ ਸਵੇਰੇ ਦੇਰ ਨਾਲ ਉੱਠਦਾ ਸੀ।

**ਪ੍ਰਸ਼ਨ 2. ਕਰਮ ਸਿੰਘ ਦੇ ਘਰਦਿਆਂ ਨੇ ਮਾਨ ਸਿੰਘ ਦੀ ਛੁੱਟੀ ਖ਼ਰਾਬ ਹੋਣ ਤੋਂ ਬਚਾਉਣ ਲਈ, ਉਸ ਨਾਲ ਕਿਹੋ-ਜਿਹਾ ਵਿਹਾਰ ਕੀਤਾ?**



ਕਰਮ ਸਿੰਘ

ਉੱਤਰ: ਕਰਮ ਸਿੰਘ ਦੇ ਘਰਦਿਆਂ ਨੇ ਮਾਨ ਸਿੰਘ ਦੀ ਛੁੱਟੀ ਖ਼ਰਾਬ ਹੋਣ ਤੋਂ ਬਚਾਉਣ ਲਈ ਅਜਿਹਾ ਵਿਹਾਰ ਕੀਤਾ ਕਿ ਉਸ ਨੂੰ ਪਤਾ ਨਾ ਲੱਗੇ ਕਿ ਉਸ ਦੇ ਛੁੱਟੀ ਆਉਣ ਤੋਂ ਬਾਅਦ ਕਰਮ ਸਿੰਘ ਮਾਰਿਆ ਜਾ ਚੁੱਕਾ ਹੈ। ਉਹਨਾਂ ਨੇ ਆਪਣਾ ਦੁੱਖ ਮਾਨ ਸਿੰਘ ਨੂੰ ਪਤਾ ਨਾ ਲੱਗਣ ਦਿੱਤਾ ਅਤੇ ਉਸ ਦੀਆਂ ਗੱਲਾਂ ਜਿਆਦਾ ਧਿਆਨ ਨਾ ਦਿੱਤਾ ਪਰ ਉਹ ਸਫ਼ਲ ਨਾ ਹੋ ਸਕੇ।

**ਪ੍ਰਸ਼ਨ 3. ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ 'ਤੇ ਕਿਉਂ ?**

ਉੱਤਰ: ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਰਮ ਸਿੰਘ ਦੇ ਲੜਾਈ ਵਿੱਚ ਮਾਰੇ ਜਾਣ ਦੀ ਖ਼ਬਰ ਛੁਪਾਈ ਕਿਉਂਕਿ ਉਸ ਨੂੰ ਪਤਾ ਸੀ ਕਿ ਫ਼ੌਜੀਆਂ ਨੂੰ ਛੁੱਟੀ ਬਹੁਤ ਪਿਆਰੀ ਹੁੰਦੀ ਹੈ। ਉਹ ਇਸ ਦੁੱਖ ਭਰੀ ਖ਼ਬਰ ਨੂੰ ਦੱਸ ਕੇ ਮਾਨ ਸਿੰਘ ਦੀ ਛੁੱਟੀ ਖ਼ਰਾਬ ਨਹੀਂ ਕਰਨਾ ਚਾਹੁੰਦਾ ਸੀ।

**ਪ੍ਰਸ਼ਨ 4. ਮਾਨ ਸਿੰਘ ਆਪਣੇ ਮਿੱਤਰ ਕਰਮ ਸਿੰਘ ਦੀਆਂ ਰੱਜ ਕੇ ਗੱਲਾਂ ਕਰਨੀਆਂ ਕਿਉਂ ਚਾਹੁੰਦਾ ਸੀ?**



ਮਾਨ ਸਿੰਘ

ਉੱਤਰ: ਮਾਨ ਸਿੰਘ ਆਪਣੇ ਮਿੱਤਰ ਕਰਮ ਸਿੰਘ ਦੀਆਂ ਰੱਜ ਕੇ ਗੱਲਾਂ ਇਸ ਲਈ ਕਰਨੀਆਂ ਚਾਹੁੰਦਾ ਸੀ ਕਿਉਂਕਿ ਉਸ ਨੂੰ ਆਪਣੇ ਮਿੱਤਰ ਦੀਆਂ ਪ੍ਰਾਪਤੀਆਂ ਉੱਤੇ ਬਹੁਤ ਮਾਣ ਸੀ। ਉਹ ਆਪਣੇ ਦੋਸਤ ਦੇ ਮਿੱਠੇਪਣ, ਅਚੂਕ ਨਿਸ਼ਾਨੇ ਅਤੇ ਫ਼ੌਜ ਵਿੱਚ ਹਰਮਨ-ਪਿਆਰਾ ਹੋਣ ਬਾਰੇ ਸਭ ਨੂੰ ਦੱਸਣਾ ਚਾਹੁੰਦਾ ਸੀ ਪਰ ਉਸ ਦੀਆਂ ਗੱਲਾਂ ਵਿੱਚ ਘਰ ਦਿਆਂ ਦੀ ਦਿਲਚਸਪੀ ਨਾ ਹੋਣ ਕਾਰਨ ਉਸ ਮਨ ਉਦਾਸ ਹੋ ਗਿਆ।

**ਪ੍ਰਸ਼ਨ 5. 'ਆਹ ਫੜ ਲੈ' ਮੁੰਡੇ ਨੂੰ ਓਧਰ ਰੱਖ, ਰੋਟੀ ਤਾਂ ਖਾ ਲੈਣ ਦਿਆ ਕਰੋ, ਅਰਾਮ ਨਾਲ।' ਕਰਮ ਸਿੰਘ ਦੇ ਬਾਪੂ ਨੇ ਇਹ ਸ਼ਬਦ ਕਿਉਂ ਕਹੇ ?**

ਉੱਤਰ: ਜਦੋਂ ਮਾਨ ਸਿੰਘ ਨੇ ਰੋਟੀ ਖਾਂਦਿਆਂ ਕੋਲ ਆਏ ਕਰਮ ਸਿੰਘ ਦੇ ਪੁੱਤਰ ਨੂੰ ਗੋਦੀ ਚੁੱਕ ਕੇ ਆਪਣੇ ਪਿਤਾ ਕੋਲ ਚੱਲਣ ਲਈ ਕਿਹਾ ਤਾਂ ਕਰਮ ਸਿੰਘ ਦੇ ਬਾਪੂ ਨੂੰ ਇਹ ਗੱਲ ਸੂਲ ਵਾਂਗ ਚੁੱਭੀ ਕਿਉਂਕਿ ਉਹ ਜਾਣਦਾ ਸੀ ਕਿ ਕਰਮ ਸਿੰਘ ਇਸ ਦੁਨੀਆਂ ਤੇ ਨਹੀਂ ਰਿਹਾ।ਉਸ ਨੇ ਗੱਲ ਦਾ ਰੁਖ਼ ਦੂਜੇ ਪਾਸੇ ਮੋੜਨ ਲਈ ਗ਼ੁੱਸੇ ਵਿੱਚ ਉਪਰੋਕਤ ਸ਼ਬਦ ਕਰਮ ਸਿੰਘ ਦੀ ਮਾਂ ਨੂੰ ਕਹੇ।

**ਪ੍ਰਸ਼ਨ 6. ਡਾਕੀਏ ਨੂੰ ਵੇਖ ਕੇ ਕਰਮ ਸਿੰਘ ਦੇ ਬਾਪੂ ਦੇ ਮਨ ਵਿੱਚ ਕੀ ਵਿਚਾਰ ਆਏ ?**

ਉੱਤਰ: ਡਾਕੀਏ ਨੂੰ ਮਾਨ ਸਿੰਘ ਕੋਲ ਬੈਠੇ ਦੇਖ ਕੇ ਕਰਮ ਸਿੰਘ ਦੇ ਬਾਪੂ ਨੇ ਸਮਝ ਲਿਆ ਕਿ ਮਾਨ ਸਿੰਘ ਨੂੰ ਕਰਮ ਸਿੰਘ ਦੀ ਮੌਤ ਦਾ ਭੇਦ ਪਤਾ ਲੱਗ ਗਿਆ ਹੋਵੇਗਾ।ਇਸ ਕਰਕੇ ਹੁਣ ਇਸ ਦਾ ਭਾਰ ਚੁੱਕੀ ਰੱਖਣ ਦਾ ਕੋਈ ਫ਼ਾਇਦਾ ਨਹੀਂ।ਇਸ ਦੇ ਨਾਲ ਹੀ ਉਸ ਦੇ ਅੱਥਰੂ ਵਹਿ ਤੁਰੇ।

**ਪ੍ਰਸ਼ਨ 7. ਮਾਨ ਸਿੰਘ ਨੇ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬਲ਼ਦ' ਕਿਉਂ ਕਿਹਾ ?**



ਉੱਤਰ: ਕਰਮ ਸਿੰਘ ਦੇ ਬਾਪੂ ਨੇ ਆਪਣੇ ਫ਼ੌਜੀ ਪੁੱਤਰ ਦੇ ਮਿੱਤਰ ਦੀ ਛੁੱਟੀ ਖ਼ਰਾਬ ਹੋਣ ਤੋਂ ਬਚਾਉਣ ਲਈ ਆਪਣੇ ਪੁੱਤਰ ਦੀ ਮੌਤ ਦੀ ਖ਼ਬਰ ਉਸ ਕੋਲੋਂ ਲੁਕਾ ਕੇ ਰੱਖੀ।ਇਸ ਲਈ ਮਾਨ ਸਿੰਘ ਨੂੰ ਜਾਪਿਆ ਕਿ ਉਹ ਧਰਤੀ ਹੇਠਲੇ ਬਲਦ ਵਾਂਗ ਹੀ ਹੈ ਜਿਹੜਾ ਪਹਿਲਾਂ ਹੀ ਭਾਰ ਚੁੱਕੇ ਹੋਣ ਦੇ ਬਾਵਜੂਦ ਦੂਸਰਿਆਂ ਦਾ ਭਾਰ ਵੀ ਆਪਣੇ ਸਿਰ ਉੱਤੇ ਚੁੱਕਣ ਲਈ ਤਿਆਰ ਸੀ।

**ਪ੍ਰਸ਼ਨ 8. ਕਹਾਣੀ 'ਧਰਤੀ ਹੇਠਲਾ ਬਲ਼ਦ' ਦਾ ਸਾਰ ਲਿਖੋ।**

ਉੱਤਰ: ਫ਼ੌਜੀ ਕਰਮ ਸਿੰਘ ਦਾ ਦੋਸਤ ਮਾਨ ਸਿੰਘ ਬਰਮਾ ਦੇ ਫਰੰਟ ਤੋਂ ਫ਼ੌਜ ਵਿੱਚੋਂ ਛੁੱਟੀ ਕੱਟਣ ਲਈ ਆਇਆ ਸੀ।ਉਹ ਫ਼ੌਜੀ ਕਰਮ ਸਿੰਘ ਦੀ ਇੱਛਾ ਅਨੁਸਾਰ ਉਸ ਦੇ ਪਿੰਡ ਠੱਠੀਖਾਰਾ ਵਿੱਚ ਪਰਿਵਾਰ ਨੂੰ ਮਿਲਣ ਲਈ ਪਹੁੰਚ ਜਾਂਦਾ ਹੈ, ਪਰ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਕਰਮ ਸਿੰਘ ਦੇ ਲੜਾਈ ਵਿੱਚ ਮਰ ਜਾਣੇ ਦੀ ਖ਼ਬਰ ਪਹਿਲਾਂ ਪਹੁੰਚ ਜਾਂਦੀ ਹੈ।ਕਰਮਮ ਸਿੰਘ ਦਾ ਬਾਪੂ ਅਤੇ ਉਸ ਦਾ ਬਾਕੀ ਪਰਿਵਾਰ ਮਾਨ ਸਿੰਘ ਦੇ ਪਹੁੰਚਣ ਤੇ ਖ਼ੁਸ਼ ਨਾ ਦਿੱਸਿਆ।ਕਰਮ ਸਿੰਘ ਦੀ ਮਾਂ ਚਾਹ ਲੈ ਕੇ ਆਈ ਤਾਂ ਉਸ ਨੇ ਵੀ ਕੋਈ ਦਿਲਚਸਪੀ ਜ਼ਾਹਰ ਨਾ ਕੀਤੀ।ਕਰਮ ਸਿੰਘ ਦੇ ਛੋਟੇ ਭਰਾ ਨੇ ਵੀ ਉਸ ਦੀਆਂ ਪ੍ਰਾਪਤੀਆਂ ਬਾਰੇ ਗੱਲਾਂ ਵਿੱਚ ਬਹੁਤੀ ਖ਼ੁਸ਼ੀ ਨਾ ਜ਼ਾਹਰ ਕੀਤੀ। ਅਗਲੇ ਦਿਨ ਜਸਵੰਤ ਸਿੰਘ ਮਾਨ ਸਿੰਘ ਦੇ ਨਾਲ ਤਰਨਤਾਰਨ ਗਿਆ, ਪਰ ਘੁੱਟਿਆ-ਘੁੱਟਿਆ ਰਿਹਾ।ਤਰਨਤਾਰਨ ਤੋਂ ਵਾਪਸ ਆ ਕੇ ਮਾਨ ਸਿੰਘ ਵਾਪਸ ਜਾਣ ਦੀਆਂ ਸਲਾਹਾਂ ਵਿੱਚ ਹੀ ਸੀ

ਕਿ ਡਾਕੀਆ ਕਰਮ ਸਿੰਘ ਦੀ ਪੈਨਸ਼ਨ ਦੇ ਕਾਗਜ਼ ਲੈ ਕੇ ਆ ਗਿਆ, ਜਿਸ ਤੋਂ ਉਸ ਨੂੰ ਕਰਮ ਸਿੰਘ ਦੀ ਮੌਤ ਬਾਰੇ ਪਤਾ ਲੱਗਾ।ਕਰਮ ਸਿੰਘ ਦੇ ਬਾਪੂ ਨੇ ਕਿਹਾ ਕਿ ਉਹ ਇਸ ਬਾਰੇ ਦੱਸ ਕੇ ਉਸ ਦੀ ਛੁੱਟੀ ਨਹੀਂ ਸੀ ਖ਼ਰਾਬ ਕਰਨਾ ਚਾਹੁੰਦੇ,ਕਿਉਂਕਿ ਫ਼ੌਜੀ ਨੂੰ ਛੁੱਟੀ ਬਹੁਤ ਪਿਆਰੀ ਹੁੰਦੀ ਹੈ। ਵਾਪਸ ਜਾਂਦਿਆਂ ਮਾਨ ਸਿੰਘ ਨੂੰ ਕਿਲ੍ਹਿਆਂ ਵਰਗੇ ਮਾਝੇ ਦੇ ਪਿੰਡ ਤੇ ਧਾੜਵੀਆਂ ਦਾ ਟਾਕਰਾ ਕਰਨ ਵਾਲੇ ਸ਼ਹੀਦਾਂ ਦੀਆਂ ਮੜ੍ਹੀਆਂ ਤੇ ਸਮਾਧਾਂ ਦੇਖ ਕੇ ਸਮਝ ਲੱਗੀ ਕਿ ਕਰਮ ਸਿੰਘ ਦੇ ਬਾਪੂ ਵਿੱਚ ਇੰਨੀ ਸਹਿਣ-ਸ਼ਕਤੀ ਕਿਉਂ ਹੈ।ਉਹ ਤਾਂ ਦੂਜਿਆਂ ਦੇ ਦੁੱਖ ਦੇ ਭਾਰ ਤੋਂ ਹੌਲਾ ਰੱਖਣ ਲਈ ਸਾਰਾ ਭਾਰ ਆਪ ਹੀ ਚੁੱਕਣਾ ਚਾਹੁੰਦਾ ਸੀ।ਇਸ ਤਰ੍ਹਾਂ ਉਹ ਉਸ ਨੂੰ 'ਧਰਤੀ ਹੇਠਲਾ ਬਲ਼ਦ' ਪ੍ਰਤੀਤ ਹੋਇਆ।

**ਵਸਤੂਨਿਸ਼ਠ ਪ੍ਰਸ਼ਨ-ਉੱਤਰ:**

**1. 'ਧਰਤੀ ਹੇਠਲਾ ਬਲ਼ਦ' ਕਹਾਣੀ ਦਾ ਲੇਖਕ ਕੌਣ ਹੈ?**

ਉੱਤਰ: ਕੁਲਵੰਤ ਸਿੰਘ ਵਿਰਕ

2. **'ਧਰਤੀ ਹੇਠਲਾ ਬਲ਼ਦ' ਕਹਾਣੀ ਦੇ ਦੋ ਪਾਤਰਾਂ ਦੇ ਨਾਂ ਲਿਖੋ।**

ਉੱਤਰ: ਮਾਨ ਸਿੰਘ, ਕਰਮ ਸਿੰਘ ਦਾ ਬਾਪੂ, ਜਸਵੰਤ ਸਿੰਘ

**3. 'ਧਰਤੀ ਹੇਠਲਾ ਬਲ਼ਦ' ਕਹਾਣੀ ਦਾ ਮੁੱਖ ਪਾਤਰ ਕੌਣ ਹੈ?**

ਉੱਤਰ: ਮਾਨ ਸਿੰਘ

**4. ਮਾਨ ਸਿੰਘ ਦਾ ਪਿੰਡ ਕਿਹੜਾ ਸੀ?**

ਚੂਹੜਕਾਣਾ

**5. ਕਰਮ ਸਿੰਘ ਦਾ ਪਿੰਡ ਕਿਹੜਾ ਸੀ?**

ਠੱਠੀਖ਼ਾਰਾ

**6. ਠੱਠੀਖ਼ਾਰਾ ਪਿੰਡ ਕਿੱਥੇ ਹੈ?**

ਅੰਮ੍ਰਿਤਸਰ ਕੋਲ

**7. ਕਰਮ ਸਿੰਘ ਫ਼ੌਜ ਵਿੱਚ ਕੀ ਸੀ?**

ਹੌਲਦਾਰ

**8. ਮਾਨ ਸਿੰਘ ਤੇ ਕਰਮ ਸਿੰਘ ਕਿੱਥੇ ਇਕੱਠੇ ਲੜ ਰਹੇ ਸਨ?**

ਬਰਮਾ ਦੇ ਫਰੰਟ ਤੇ

**9. ਮਾਨ ਸਿੰਘ ਫ਼ੌਜ ਵਿੱਚ ਕੀ ਸੀ?**

ਨਾਇਕ

**10. ਕਿਸ ਦੀ ਜੀਭ ਵਿੱਚ ਬਹੁਤ ਰਸ ਸੀ?**

ਕਰਮ ਸਿੰਘ ਦੀ

**11. ਕਰਮ ਸਿੰਘ ਦੀ ਗੋਲੀ ਦਾ ਨਿਸ਼ਾਨਾ ਕਿਹੋ ਜਿਹਾ ਸੀ?**

ਪੱਕਾ

**12. ਕਰਮ ਸਿੰਘ ਦੇ ਛੋਟੇ ਭਰਾ ਦਾ ਨਾਂ ਕੀ ਸੀ?**

ਜਸਵੰਤ ਸਿੰਘ

**13. ਡਾਕੀਆ ਕਿਸ ਦੀ ਪੈਨਸ਼ਨ ਦੇ ਕਾਗਜ਼ ਲੈ ਕੇ ਆਇਆ ਸੀ?**

ਕਰਮ ਸਿੰਘ ਦੀ

**14. ਕਰਮ ਸਿੰਘ ਦੀ ਮੌਤ ਦੀ ਖ਼ਬਰ ਬਾਰੇ ਮਾਨ ਸਿੰਘ ਨੂੰ ਕੌਣ ਦੱਸਦਾ ਹੈ?**

ਡਾਕੀਆ

**15. ਮਾਨ ਸਿੰਘ ਨੂੰ ਕੌਣ ਧਰਤੀ ਹੇਠਲਾ ਬਲ਼ਦ ਪ੍ਰਤੀਤ ਹੋਇਆ?**

ਕਰਮ ਸਿੰਘ ਦਾ ਪਿਤਾ

ਤਿਆਰ ਕਰਤਾ
ਕਮਲਜੀਤ ਸਿੰਘ ਪੰਜਾਬੀ ਮਾਸਟਰ
ਸਹਸ ਰੱਤਾਖੇੜਾ (ਪਟਿਆਲਾ)